# ਦਫਤਰ ਜਿਲਾ ਮੈਜਿਸਟਰੇਟ, ਜਲੰਧਰ
**Office of the District Magistrate**
Jalandhar (Punjab)

No. ..........................

Date ........................

Phone :0181-2224783(O)
:0181-2459664(R)
Fax :0181-2224727
Email: dc.jal@punjabmail.gov.in


## ਹੁਕਮ-

ਕੋਵਿਡ-19 (ਕਰੋਨਾ ਵਾਇਰਸ) ਵਾਇਰਸ ਵੱਲੋਂ ਪੂਰੇ ਵਿਸ਼ਵ ਵਿੱਚ ਦਹਿਸ਼ਤ ਫੈਲਾਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿੱਚ ਵੀ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੋ ਚੁੱਕੀ ਹੈ।

ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰ 3062-85/ਐਮ.ਸੀ-4/ਐਮ.ਏ ਮਿਤੀ 23-03-2020 ਰਾਂਹੀ ਜਿਲ੍ਹਾ ਜਲੰਧਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ ਪ੍ਰੰਤੂ ਆਮ ਲੋਕਾਂ ਦੀਆਂ ਰੋਜਾਨਾ ਦੀਆਂ ਜਰੂਰਤਾਂ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਵਰਨਣ ਹੁਕਮ ਨੰ 3062-85/ਐਮ.ਸੀ-4/ਐਮ.ਏ ਮਿਤੀ 23-03-2020 ਵਿੱਚ ਆਂਸ਼ਿਕ ਸੋਧ ਕਰਦੇ ਹੋਏ ਬੈਂਕਾ ਦੀਆਂ ਜਰੂਰੀ ਸੇਵਾਵਾਂ ਜਿਵੇਂ ਸਰਵਰ ਦੀ ਮੈਨਟੇਨੰਸ ਅਤੇ ਪੈਸੇ ਦੀ ਕਮੀ ਕਾਰਨ ਵਸਤਾਂ/ਦਵਾਈਆਂ ਦੀ ਉਪਲਬਧਤਾ ਵਿੱਚ ਕਮੀਂ ਨਾ ਹੋਵੇ।

ਲੋਕ ਹਿੱਤਾਂ ਵਿੱਚ ਜਲੰਧਰ ਜਿਲ੍ਹੇ ਦੇ ਸਾਰੇ ਬੈਂਕਾਂ ਨੂੰ ਹਰ ਇੱਕ ਨਗਰ ਨਿਗਮ/ਨਗਰ ਕਾਉਂਸਲ/ਨਗਰ ਪੰਚਾਇਤ ਦੇ ਏਰੀਏ ਵਿੱਚ ਇੱਕ ਇੱਕ ਬਰਾਂਚ ਹਰ ਰੋਜ ਸਵੇਰੇ 10.00 ਵਜੇ ਤੋਂ 12.00 ਵਜੇ ਤੱਕ ਖੋਲਣ ਦੀ ਆਗਿਆ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਹਰ ਇੱਕ ਪੇਂਡੂ ਵਿਕਾਸ ਅਤੇ ਬਲਾਕ ਵਿੱਚ ਇੱਕ ਇੱਕ ਬਰਾਂਚ ਸੇਵੇਰੇ 10.00 ਵਜੇਂ ਤੋਂ 12.00 ਵਜੇ ਤੱਕ ਖੋਲਣ ਦੀ ਆਗਿਆ ਹੋਵੇਗੀ। ਇਸ ਸਮੇਂ ਦੌਰਾਨ ਉਕਤ ਖੁਲੀਆਂ ਬਰਾਂਚਾਂ ਵਿੱਚ ਬੈਂਕ ਦਾ ਘੱਟੋ ਘੱਟ ਸਟਾਫ (ਸਲੈਕਟਡ ਸਟਾਫ) ਹੀ ਹਾਜਰ ਰਹੇਗਾ। ਇਸ ਸਮੇਂ ਦੌਰਾਨ ਇਹ ਬੈਂਕ ਸਰਵਰਾਂ ਨੂੰ ਅਪਡੇਟ ਜਾਂ ਰਿਪੇਅਰ ਦਾ ਕੰਮ ਅਤੇ ਸਾਰਿਆਂ ATM's ਨੂੰ ਰਿਪਲੈਨਿਸ਼ ਕਰਨ ਦਾ ਕੰਮ ਸੁਨਿਸ਼ਚਿਤ ਕਰਨਗੇ। ਸਾਰੇ ਬੈਂਕ ਇਹ ਯਕੀਨੀ ਬਣਾਉਣਗੇ ਕਿ ਕੋਈ ਵੀ ATM ਕੈਸ਼ ਤੋਂ ਵਾਂਝੀ ਨਾ ਹੋਵੇ ਅਤੇ ਇਹਨਾਂ ਦੀ ਰੈਗੁਲਰ ਰਿਪਲੈਨਿਸ਼ਮੈਂਟ ਯਕੀਨੀ ਬਣਾਈ ਜਾਵੇ। ਇਸ ਔਖੀ ਘੜੀ ਵਿੱਚ ਲੋੜਵੰਦ ਤਬਕਿਆਂ ਤੱਕ ਕੈਸ਼ ਪਹੁੰਚਾਉਣ ਲਈ ਹਰ ਇੱਕ ਬੈਂਕ Business Correspondent ਨਿਯੁਕਤ ਕਰੇਗਾ। ਉਪਰੋਕਤ ਹੁਕਮ ਦੀ ਪਾਲਣਾ ਹਿੱਤ ਕਰਫਿਊ ਦੌਰਾਨ ਮੂਵਮੈਂਟ ਕਰਨ ਬਾਰੇ ਬੈਂਕ ਕਰਮਚਾਰੀ/ਅਧਿਕਾਰੀ/ਬਿਜਨਸਮੈਨ ਨੂੰ ਪਾਸ ਜਾਰੀ ਕਰਨ ਦੇ ਅਧਿਕਾਰ ਲੀਡ ਬੈਂਕ ਮੈਨੇਜਰ ਪਰਮਜੀਤ ਸਿੰਘ ਭਾਟੀਆ ਨੂੰ ਦਿੱਤੇ ਜਾਂਦੇ ਹਨ।

ਉਪਰੋਕਤ ਸਾਰੀਆਂ ਬੈਂਕਿੰਗ ਟਰਾਂਜਿਕਸ਼ਨ ਕਰਦੇ ਸਮੇਂ ਬੈਂਕ ਇਹ ਯਕੀਨੀ ਬਣਾਉਣਗੇ ਕਿ COVID-19 ਸਬੰਧੀ ਸਰਕਾਰ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕੀਤੀ ਜਾਵੇ। ਬੈਂਕ ਅਤੇ ATM ਨੂੰ ਸੈਨੀਟਾਈਜ ਕਰਵਾਇਆ ਜਾਵੇ ਅਤੇ ATM ਤੇ ਹਾਜਰ ਬੈਂਕ ਗਾਰਡ ਨੂੰ ਸੈਨੀਟਾਈਜਰ ਉਪਲਬਧ ਕਰਵਾਇਆ ਗਿਆ ਹੋਵੇ। ਉਪਰੋਕਤ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਾਉਣ ਅਤੇ ਕਿਸੇ ਵੀ ਸਰਕਾਰੀ ਵਿਭਾਗ ਦੀਆਂ RTGS ਜਾਂ ਹੋਰ ਮੁਸ਼ਕਿਲਾ ਨੂੰ ਦੂਰ ਕਰਵਾਉਣ ਦੀ ਜਿੰਮੇਵਾਰੀ ਲੀਡ ਬੈਂਕ ਮੈਨੇਜਰ ਦੀ ਹੋਵੇਗੀ।

ਜਿਲ੍ਹਾ ਮੈਜਿਸਟਰੇਟ
ਜਲੰਧਰ
25/3/2020

ਜਿਲ੍ਹਾ ਮੈਜਿਸਟਰੇਟ
ਜਲੰਧਰ

ਪਿੱਠ ਅੰਕਣ ਨੰ. 4084-4104/ਐਮ.ਸੀ.4/ਐਮ.ਏ ਮਿਤੀ- 25/03/2020

ਇਸ ਦਾ ਇਕ ਉਤਾਰਾ ਹੇਠ ਦਰਜ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਡੀ.ਜੀ.ਪੀ, ਪੰਜਾਬ, ਚੰਡੀਗੜ੍ਹ।
4. ਕਮਿਸ਼ਨਰ ਜਲੰਧਰ ਮੰਡਲ, ਜਲੰਧਰ
5. ਜਿਲ੍ਹਾ ਅਤੇ ਸੈਸ਼ਨ ਜੱਜ, ਜਲੰਧਰ।
6. ਗ੍ਰਹਿ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
7. ਡਾਇਰੈਕਟਰ, ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ।
8. ਡੀ.ਆਈ.ਜੀ ਪੁਲਿਸ ਜਲੰਧਰ ਰੇਂਜ ਜਲੰਧਰ।
9. ਕਮਿਸ਼ਨਰ ਆਫ ਪੁਲਿਸ ਜਲੰਧਰ ਅਤੇ ਸੀਨੀਅਰ ਪੁਲਿਸ ਕਪਤਾਨ (ਦਿਹਾਤੀ) ਜਲੰਧਰ
10. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਜਲੰਧਰ।
11. ਕਮਿਸ਼ਨਰ ਨਗਰ ਨਿਗਮ, ਜਲੰਧਰ
12. ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦਫਤਰ, ਜਲੰਧਰ
13. ਜਿਲ੍ਹਾ ਕੰਟਰੋਲਰ, ਖੁਰਾਕ ਅਤੇ ਸਿਵਲ ਸਪਲਾਈ, ਜਲੰਧਰ
14. ਮੁੱਖ ਖੇਤੀਬਾੜੀ ਅਫਸਰ, ਜਲੰਧਰ
15. ਡਿਪਟੀ ਡਾਇਰੈਕਟਰ, ਡੇਅਰੀ, ਜਲੰਧਰ
16. ਜਿਲ੍ਹਾ ਅਟਾਰਨੀ ਜਲੰਧਰ
17. ਸਮੂਹ ਤਹਿਸੀਲਦਾਰ/ਨਾਇਬ ਤਹਿਸੀਲਦਾਰ, ਜਿਲ੍ਹਾ ਜਲੰਧਰ
18. ਜਿਲ੍ਹਾ ਲੋਕ ਸੰਪਰਕ ਅਫਸਰ, ਜਲੰਧਰ
19. ਲੀਡ ਬੈਂਕ ਮੈਨੇਜਰ, ਜਲੰਧਰ
20. ਸੁਪਰਡੰਟ ਗਰੇਡ-1, ਪੀ.ਏ. ਟੂ ਡੀ.ਐਮ., ਸਟੈਨੋ ਟੂ ਏ.ਡੀ.ਐਮ, ਸਟੈਨੋ ਟੂ ਏ.ਸੀ(ਜ), ਸਟੈਨੋ ਟੂ ਏ.ਸੀ(ਸ਼ਿ)

ਜਿਲ੍ਹਾ ਮੈਜਿਸਟਰੇਟ
ਜਲੰਧਰ।

Scanned by CamScanner